"ਸ਼ਿਵ ਅਵਤਰਨ ਅਤੇ ਏਕਾਨਾਮੀ ਦੇ ਅਵਤਾਰ"

ਅੱਜ ਤ੍ਰਿਮੂਰਤੀ ਸ਼ਿਵ ਆਪਣੇ ਅਤਿ ਪਿਆਰੇ - ਪਿਆਰੇ, ਮਿੱਠੇ - ਮਿੱਠੇ ਸ਼ਾਲੀਗ੍ਰਾਮ ਬੱਚਿਆਂ ਨੂੰ ਮਿਲਣ ਆਏ ਹਨ। ਅੱਜ ਦੇ ਦਿਨ ਸ਼ਿਵ ਅਤੇ ਸ਼ਾਲੀਗ੍ਰਾਮਾਂ ਦਾ ਵਿਸ਼ੇਸ਼ ਦਿਵਸ ਹੈ। ਤਾਂ ਬਾਪ ਨੂੰ ਬੱਚਿਆਂ ਨੂੰ ਮਿਲ ਕੇ ਖੁਸ਼ੀ ਹੋ ਰਹੀ ਹੈ ਕਿ ਬੱਚਿਆਂ ਦਾ ਬਰਥ ਡੇ ਬਾਪ ਮਨਾਉਣ ਆਏ ਹਨ ਅਤੇ ਬੱਚੇ ਕਹਿੰਦੇ ਹਨ ਅਸੀਂ ਬਾਪਦਾ ਬਰ੍ਥ ਡੇ ਮਨਾਉਣ ਆਏ ਹਾਂ। ਬਾਪ ਨੂੰ ਵੀ ਖੁਸ਼ੀ ਹੈ, ਬੱਚਿਆਂ ਨੂੰ ਵੀ ਖੁਸ਼ੀ ਹੈ। ਕਿਉਂ? ਕਿਉਂਕਿ ਇਹ ਬਰਥ ਡੇ ਸਾਰੇ ਕਲਪ ਤੋਂ ਨਿਆਰਾ ਅਤੇ ਪਿਆਰਾ ਹੈ। ਸਾਰੇ ਕਲਪ ਵਿੱਚ ਅਜਿਹਾ ਬਰਥ ਡੇ ਕਿਸੇਦਾ ਵੀ ਮਨਾਇਆ ਨਹੀਂ ਜਾਂਦਾ ਹੈ। ਬਾਪ ਅਤੇ ਬੱਚਿਆਂ ਦੇ ਨਾਲ ਇੱਕ ਹੀ ਸਮੇਂ ਤੇ ਬਰਥ ਡੇ ਹੋਵੇ - ਇਹ ਹੋਰ ਕਿਸੇ ਵੀ ਸਮੇਂ ਜਾਂ ਕਿਸੇ ਦਾ ਵੀ ਹੁੰਦਾ ਹੀ ਨਹੀਂ ਹੈ। ਤਾਂ ਪਹਿਲੇ ਬਾਪਦਾਦਾ ਬੱਚਿਆਂ ਨੂੰ ਪਦਮ - ਪਦਮ ਮੁਬਾਰਕ ਦੇ ਰਹੇ ਹਨ। ਬੱਚਿਆਂ ਦੀ ਮੁਬਾਰਕ ਅੰਮ੍ਰਿਤਵੇਲੇ ਤੋਂ ਬਹੁਤ - ਬਹੁਤ ਦਿਲ ਦੀ ਮੁਬਾਰਕ ਬਾਪਦਾਦਾ ਦੇ ਕੋਲ ਪਹੁੰਚ ਹੀ ਗਈ ਹੈ। ਬਾਪਦਾਦਾ ਇੰਨੇ ਸਭ ਬੱਚਿਆਂ ਨੂੰ, ਸ਼ਾਲੀਗ੍ਰਾਮਾਂ ਨੂੰ ਦੇਖ ਇਹ ਹੀ ਖੁਸ਼ੀ ਦੇ ਗੀਤ ਦਿਲ ਤੋਂ ਗਾਉਂਦੇ ਹਨ ਕਿ ਵਾਹ ਸਿਕੀਲੱਧੇ ਬੱਚੇ ਵਾਹ! ਵਾਹ ਲਾਡਲੇ ਬੱਚੇ ਵਾਹ! ਵਾਹ ਅਲੌਕਿਕ ਜਨਮ, ਅਲੌਕਿਕ ਬਰਥ ਡੇ ਮਨਾਉਣ ਵਾਲੇ ਵਾਹ! ਤਾਂ ਬਾਪਦਾਦਾ ਹਰ ਬੱਚੇ ਦੇ ਲਈ ਵਾਹ - ਵਾਹ ਦਾ ਗੀਤ ਗਾ ਰਹੇ ਹਨ ਕਿਉਂਕਿ ਇੰਨੀਆਂ ਸਾਰੀਆਂ ਵਿਸ਼ਵ ਦੀਆਂ ਆਤਮਾਵਾਂ ਵਿੱਚੋਂ ਕਿੰਨੇ ਥੋੜੇ ਜਿਹੇ ਤੁਸੀਂ ਬੱਚੇ ਇਵੇਂ ਦੇ ਪਦਮਾਪਦਮ ਭਾਗਵਾਨ ਬਣੇ ਹੋ ਅਤੇ ਅੱਗੇ ਵੀ ਭਾਗਵਾਨ ਰਹੋਂਗੇ। ਅਮਰ ਭਾਗਵਾਨ ਅੱਧਾਕਲਪ ਰਹਿਣਗੇ। ਇੱਕ ਜਨਮ ਦਾ ਵਰਦਾਨ ਨਹੀਂ ਹੈ, ਅਨੇਕ ਜਨਮ ਅਮਰ ਵਰਦਾਨੀ ਬਣ ਗਏ। ਅਜਿਹੇ ਬੱਚਿਆਂ ਨੂੰ ਆਪਣਾ ਸਵਮਾਨ ਕਿੰਨਾ ਸਮ੍ਰਿਤੀ ਵਿੱਚ ਰਹਿੰਦਾ ਹੈ? ਇਸ ਅਲੌਕਿਕ ਬਰਥ ਡੇ ਅਤੇ ਅਲੌਕਿਕ ਜਨਮ ਦਾ ਅਖੁਟ ਵਰਸਾ ਬਾਪ ਜਨਮਦੇ ਹੀ ਬੱਚਿਆਂ ਨੂੰ ਦਿੰਦੇ ਹਨ। ਜਨਮਦੇ ਹੀ ਸਮ੍ਰਿਤੀ ਦਾ ਸ਼੍ਰੇਸ਼ਠ ਤਿਲਕ ਹਰ ਬੱਚੇ ਨੂੰ ਬਾਪ ਨੇ ਦੇ ਦਿੱਤਾ ਹੈ। ਤਿਲਕ ਲੱਗਿਆ ਹੋਇਆ ਹੈ ਨਾ? ਬ੍ਰਾਹਮਣ ਜੀਵਨ ਹੈ ਤਾਂ ਤਿਲਕ ਵੀ ਅਵਿਨਾਸ਼ੀ ਹੈ। ਬ੍ਰਾਹਮਣਾਂ ਦੇ ਮੱਥੇ ਵਿੱਚ ਤਿਲਕ, ਇਹ ਸ਼੍ਰੇਸ਼ਠ ਭਾਗ ਦੀ ਨਿਸ਼ਾਨੀ ਹੈ।

ਤਾਂ ਤੁਸੀਂ ਸਭ ਅਤੇ ਚਾਰੋਂ ਪਾਸੇ ਦੇ ਬੱਚੇ ਦੂਰ ਬੈਠੇ ਵੀ ਉਮੰਗ -ਉਤਸ਼ਾਹ ਨਾਲ ਇਹ ਨਿਆਰਾ ਅਤੇ ਪਿਆਰਾ ਬਰਥ ਡੇ ਮਨਾ ਰਹੇ ਹੋ। ਮਨਾ ਰਹੇ ਹੋ ਨਾ? ਸਭ ਖੁਸ਼ ਹੋ ਰਹੇ ਹਨ ਕਿ ਬਾਪ ਸਾਡਾ ਬਾਰਥ ਡੇ ਮਨਾ ਰਹੇ ਹਨ ਅਤੇ ਅਸੀਂ ਬਾਪ ਦਾ ਮਨਾ ਰਹੇ ਹਾਂ। ਕਿੰਨੀ ਖੁਸ਼ੀ ਹੈ! ਖੁਸ਼ੀ ਨੂੰ ਮਾਪ ਸਕਦੇ ਹੋ? ਮਾਪ ਹੈ? ਇਸ ਦੁਨੀਆਂ ਵਿੱਚ, ਇਸ ਅਲੌਕਿਕ ਖੁਸ਼ੀ ਦਾ ਕੋਈ ਮਾਪ ਕਰਨ ਦਾ ਸਾਧਨ ਕੋਈ ਨਿਕਲਿਆ ਹੀ ਨਹੀਂ ਹੈ। ਜੇਕਰ ਤੁਹਾਨੂੰ ਕਹਿਣ ਕਿ ਸਾਗਰ ਜਿੰਨੀ ਖੁਸ਼ੀ ਹੈ? ਤਾਂ ਕੀ ਕਹੋਗੇ? ਕਿ ਸਾਗਰ ਤੇ ਕੁਝ ਵੀ ਨਹੀਂ ਹੈ। ਅੱਛਾ ਆਕਾਸ਼ ਜਿੰਨੀ ਹੈ? ਤਾਂ ਆਕਾਸ਼ ਤੋਂ ਵੀ ਉੱਚੇ ਤੁਹਾਡਾ ਘਰ ਹੈ, ਤੁਹਾਡਾ ਸੂਕ੍ਸ਼੍ਮਵਤ ਹੈ ਇਸਲਈ ਕੋਈ ਮਾਪ -ਤੋਲ ਨਿਕਲਿਆ ਨਹੀਂ ਹੈ, ਨਾ ਨਿਕਲ ਸਕਦਾ ਹੈ। ਇੰਨੀ ਖੁਸ਼ੀ ਹੈ ਤਾਂ ਇੱਕ ਹੱਥ ਦੀ ਤਾੜੀ ਵਜਾਓ (ਸਭ ਨੇ ਤਾੜੀ ਵਜਾਈ) ਖੁਸ਼ੀ ਹੈ - ਇਸ ਵਿੱਚ ਤੇ ਸਭ ਨੇ ਹੱਥ ਉਠਾਇਆ, ਮੁਬਾਰਕ ਹੋਵੇ। ਹਾਲੇ ਦੂਸਰਾ ਪ੍ਰਸ਼ਨ ਹੈ, (ਸਮਝ ਗਏ ਹਨ ਤਾਂ ਹੱਸ ਰਹੇ ਹਨ) ਬਾਪਦਾਦਾ ਹਰ ਬੱਚੇ ਨੂੰ ਸਦਾ ਖਿੜ੍ਹਿਆ ਹੋਇਆ ਰੂਹਾਨੀ ਗੁਲਾਬ ਦੇਖਣੇ ਚਾਹੁੰਦੇ ਹਨ। ਅੱਧਾ ਖਿੜ੍ਹਿਆ ਹੋਇਆ ਨਹੀਂ, ਸਦਾ ਅਤੇ ਫੁੱਲ। ਖਿੜ੍ਹਿਆ ਹੋਇਆ ਫੁੱਲ ਕਿੰਨਾ ਪਿਆਰਾ ਲੱਗਦਾ ਹੈ। ਦੇਖਣ ਨਾਲ ਹੀ ਮਜ਼ਾ ਆਉਂਦਾ ਹੈ। ਅਤੇ ਥੋੜ੍ਹਾ ਵੀ ਮੁਰਝਾ ਜਾਂਦਾ ਹੈ ਤਾਂ ਕੀ ਕਰਦੇ ਹੋ? ਕਿਨਾਰਾ ਕਰ ਲੈਂਦੇ ਹੋ। ਬਾਪਦਾਦਾ ਕਿਨਾਰਾ ਨਹੀਂ ਕਰਦੇ ਉਹ ਖੁਦ ਹੀ ਕਿਨਾਰੇ ਹੋ ਜਾਂਦਾ ਹੈ।

ਅੱਜ ਤੇ ਮਨਾਉਣ ਦਾ ਦਿਨ ਹੈ ਨਾ! ਮੁਰਲੀ ਤੇ ਸਦਾ ਸੁਣਦੇ ਹੀ ਹੋ। ਅੱਜ ਤੇ ਖੂਬ ਖੁਸ਼ੀ ਵਿੱਚ ਮਨ ਨਾਲ ਨੱਚੋ ਅਤੇ ਗਾਓ। ਮਨ ਨਾਲ ਨੱਚੋ, ਪੈਰਾਂ ਨਾਲ ਨਹੀਂ। ਪੈਰਾਂ ਨਾਲ ਨੱਚਣਾ ਸ਼ੁਰੂ ਕਰੋਂਗੇ ਤਾਂ ਘਮਸਾਨ ਹੋ ਜਾਏਗਾ। ਪਰ ਬਾਪਦਾਦਾ ਦੇਖ ਰਹੇ ਹਨ ਕਿ ਬੱਚੇ ਨੱਚ ਵੀ ਰਹੇ ਅਤੇ ਮਿੱਠੇ - ਮਿੱਠੇ ਬਾਪ ਦੀ ਮਹਿਮਾ ਅਤੇ ਆਪਣੇ ਅਲੌਕਿਕ ਮਹਿਮਾ ਦੇ ਗੀਤ ਵੀ ਬਹੁਤ ਗਾ ਰਹੇ ਹਨ। ਬਾਬਾ ਨੂੰ ਤੁਹਾਡੇ ਮਨ ਦਾ ਆਵਾਜ਼ ਪਹੁੰਚ ਰਿਹਾ ਹੈ। ਸਭ ਦੇਸ਼ਾ ਤੋਂ ਆਵਾਜ਼ ਆ ਰਿਹਾ ਹੈ। ਬਾਪ ਦਾ ਆਵਾਜ਼ ਸੁਣ ਵੀ ਰਹੇ ਹਨ ਅਤੇ ਬਾਪ ਵੀ ਉਹਨਾਂ ਨੂੰ ਆਵਾਜ਼ ਸੁਣਾ ਰਹੇ ਹਨ। ਬਾਪ ਵੀ ਕਹਿੰਦੇ ਹਨ ਹੇ ਵਿਸ਼ਵ ਦੇ ਬਹੁਤ - ਬਹੁਤ ਸਨੇਹੀ ਬੱਚੇ ਖੂਬ ਨੱਚੋ, ਖੂਬ ਗਾਓ ਹੋਰ ਕੰਮ ਹੀ ਕੀ ਹੈ! ਬ੍ਰਾਹਮਣਾਂ ਦਾ ਕੰਮ ਹੀ ਕੀ ਹੈ? ਯੋਗ ਲਗਾਉਣਾ ਵੀ ਕੀ ਹੈ? ਮਿਹਨਤ ਹੈ ਕੀ? ਯੋਗ ਦਾ ਅਰਥ ਹੀ ਹੈ ਆਤਮਾ ਅਤੇ ਪਰਮਾਤਮਾ ਦਾ ਮਿਲਣ। ਤਾਂ ਮਿਲਣ ਵਿੱਚ ਕੀ ਹੁੰਦਾ ਹੈ? ਖੁਸ਼ੀ ਵਿੱਚ ਨੱਚਦੇ ਹਨ। ਬਾਪ ਦੀ ਮਹਿਮਾ ਦੇ ਮਿੱਠੇ - ਮਿੱਠੇ ਗੀਤ ਦਿਲ ਆਟੋਮੇਟਿਕ ਗਾਉਂਦੀ ਹੈ। ਬ੍ਰਾਹਮਣਾਂ ਦਾ ਕੰਮ ਹੀ ਇਹ ਹੈ, ਗਾਉਂਦੇ ਰਹੋ ਅਤੇ ਨੱਚਦੇ ਰਹੋ। ਇਹ ਮੁਸ਼ਕਿਲ ਹੈ? ਨੱਚਣਾ ਗਾਉਣਾ ਮੁਸ਼ਕਿਲ ਹੈ? ਨਹੀਂ ਹੈ ਨਾ। ਜਿਸਨੂੰ ਮੁਸ਼ਕਿਲ ਲੱਗਦਾ ਹੈ ਉਹ ਹੱਥ ਉਠਾਓ। ਅੱਜਕਲ ਤੇ ਨੱਚਣ ਗਾਉਣ ਦੀ ਸੀਜਨ ਹੈ, ਤਾਂ ਤੁਹਾਨੂੰ ਕੀ ਕਰਨਾ ਹੈ? ਨੱਚੋ, ਗਾਓ। ਸਹਿਜ ਹੈ ਨਾ? ਸਹਿਜ ਹੈ ਤਾਂ ਕੰਧ ਹਿਲਾਓ। ਮੁਸ਼ਕਿਲ ਤੇ ਨਹੀਂ ਹੈ ਨਾ? ਜਾਨ -ਬੁਝ ਕੇ ਸਹਿਜ ਤੋਂ ਹਟ ਕੇ ਮੁਸ਼ਕਿਲ ਵਿੱਚ ਚਲੇ ਜਾਂਦੇ ਹੋ। ਮੁਸ਼ਕਿਲ ਹੈ ਨਹੀਂ, ਬਹੁਤ ਸਹਿਜ ਹੈ ਕਿਉਂਕਿ ਬਾਪ ਜਾਣਦੇ ਹਨ ਕਿ ਅੱਧਾਕਲਪ ਮੁਸ਼ਕਿਲ ਦਾ ਜੀਵਨ ਬਿਤਾਇਆ ਹੈ ਇਸਲਈ ਇਸ ਸਮੇਂ ਸਹਿਜ ਹੈ। ਮੁਸ਼ਕਿਲ ਵਾਲਾ ਕੋਈ ਹੈ? ਕਦੀ - ਕਦੀ ਮੁਸ਼ਕਿਲ ਲੱਗਦਾ ਹੈ? ਜਿਵੇਂ ਕੋਈ ਚੱਲਦੇ - ਚੱਲਦੇ ਰਸਤਾ ਭੁੱਲਕੇ ਹੋਰ

ਰਸਤੇ ਵਿੱਚ ਚਲਾ ਜਾਏ ਤਾਂ ਮੁਸ਼ਕਿਲ ਲੱਗੇਗਾ ਨਾ। ਗਿਆਨ ਦਾ ਮਾਰਗ ਮੁਸ਼ਕਿਲ ਨਹੀਂ ਹੈ। ਬ੍ਰਾਹਮਣ ਜੀਵਨ ਮੁਸ਼ਕਿਲ ਨਹੀਂ ਹੈ। ਬ੍ਰਾਹਮਣ ਦੇ ਬਜਾਏ ਸ਼ਤ੍ਰੀ ਬਣ ਜਾਂਦੇ ਹੋ ਤਾਂ ਸ਼ਤ੍ਰੀ ਦਾ ਕੰਮ ਹੀ ਹੁੰਦਾ ਹੈ ਲੜਣਾ, ਝਗੜ੍ਹਣਾ... ਉਹ ਤੇ ਮੁਸ਼ਕਿਲ ਹੀ ਹੋਵੇਗਾ ਨਾ! ਯੁੱਧ ਕਰਨਾ ਤੇ ਮੁਸ਼ਕਿਲ ਹੁੰਦਾ ਹੈ, ਮੌਜ ਮਨਾਉਣਾ ਸਹਿਜ ਹੁੰਦਾ ਹੈ।

ਡਬਲ ਫਾਰੇਨਰਸ ਮੌਜ ਮਨਾਉਣ ਵਾਲੇ ਹੋ ਨਾ! ਇੱਕ ਹੱਥ ਦੀ ਤਾੜੀ ਵਜਾਓ। ਮੌਜ ਵਿੱਚ ਹੋ? ਉੱਥੇ ਜਾਕੇ ਮੂੰਝ ਤੇ ਨਹੀਂ ਜਾਓਗੇ? ਦੇਖੋ, ਅੱਜ ਦੇ ਸ਼ਿਵ ਜਯੰਤੀ ਦਾ ਮਹੱਤਵ ਦੋ ਗੱਲਾਂ ਦਾ ਹੈ। ਇਕ ਇਸ ਦਿਵਸ ਤੇ ਵਰਤ ਰੱਖਦੇ ਹਨ। ਡਬਲ ਫਾਰਨਰਜ਼ ਨੂੰ ਤਾਂ ਮਨਾਉਣਾ ਹੀ ਨਹੀਂ ਪਿਆ। ਭਾਰਤ ਵਿੱਚ ਹੀ ਮਨਾਉਂਦੇ ਹਨ ਤਾਂ ਇਸ ਦਿਵਸ ਦਾ ਮਹੱਤਵ ਹੈ - ਵਰਤ ਰੱਖਣਾ ਅਤੇ ਦੂਸਰਾ ਹੈ ਜਾਗਰਣ ਕਰਨਾ। ਤਾਂ ਤੁਸੀਂ ਸਭਨੇ ਵਰਤ ਵੀ ਲੈ ਲਿਆ ਹੈ ਨਾ? ਪੱਕਾ ਵਰਤ ਲਿਆ ਹੈ? ਜਾਂ ਕਦੀ ਕੱਚਾ, ਕਦੀ ਪੱਕਾ? ਕੱਚੀ ਚੀਜ਼ ਚੰਗੀ ਲੱਗਦੀ ਹੈ? ਪੱਕਿਆ ਹੋਇਆ ਸਭ ਚੰਗਾ ਲੱਗਦਾ ਹੈ ਨਾ! ਤਾਂ ਵਰਤ ਕੀ ਲਿਆ ਹੈ? ਬਾਪਦਾਦਾ ਨੇ ਸਭਤੋਂ ਪਹਿਲਾ ਵਰਤ ਕਿਹੜਾ ਦਿੱਤਾ? ਜਦੋਂ ਸਮ੍ਰਿਤੀ ਦਾ ਤਿਲਕ ਲੱਗਿਆ ਤਾਂ ਪਹਿਲਾ - ਪਹਿਲਾ ਵਰਤ ਕਿਹੜਾ ਲਿਆ? ਯਾਦ ਹੈ ਨਾ? ਸੰਪੂਰਨ ਪਵਿੱਤਰ ਭਵ। ਬਾਪ ਨੇ ਕਿਹਾ ਤੇ ਬੱਚਿਆਂ ਨੇ ਧਾਰਨ ਕੀਤਾ। ਤਾਂ ਪਵਿੱਤਰਤਾ ਦਾ ਵਰਤ ਸਿਰਫ਼ ਬ੍ਰਹਮਾਚਾਰਯ ਦਾ ਵਰਤ ਨਹੀਂ ਪਰ ਬ੍ਰਹਮਾ ਸਮਾਨ ਹਰ ਸੰਕਲਪ, ਬੋਲ ਅਤੇ ਕਰਮ ਵਿੱਚ ਪਵਿੱਤਰਤਾ - ਇਸਨੂੰ ਕਿਹਾ ਜਾਂਦਾ ਹੈ ਬ੍ਰਹਮਚਾਰੀ ਅਤੇ ਬ੍ਰਹਮਾਚਾਰੀ। ਹਰ ਬੋਲ ਵਿੱਚ ਪਵਿੱਤਰਤਾ ਦਾ ਵਾਈਬ੍ਰੇਸ਼ਨ ਸਮਾਇਆ ਹੋਇਆ ਹੋਵੇ। ਹਰ ਸੰਕਲਪ ਵਿੱਚ ਪਵਿੱਤਰਤਾ ਦਾ ਮਹੱਤਵ ਹੋਵੇ। ਹਰ ਕਰਮ ਵਿੱਚ, ਕਰਮ ਅਤੇ ਯੋਗ ਮਤਲਬ ਕਰਮਯੋਗੀ ਦਾ ਅਨੁਭਵ ਹੋਵੇ - ਇਸਨੂੰ ਕਿਹਾ ਜਾਂਦਾ ਹੈ ਬ੍ਰਹਮਾਚਾਰੀ। ਬ੍ਰਹਮਾ ਬਾਪ ਨੂੰ ਦੇਖਿਆ ਹਰ ਬੋਲ ਮਹਾਂਵਾਕ, ਸਾਧਾਰਨ ਵਾਕ ਨਹੀਂ ਕਿਉਂਕਿ ਤੁਹਾਡਾ ਜਨਮ ਹੀ ਸਾਧਾਰਨ ਨਹੀਂ, ਅਲੌਕਿਕ ਹੈ। ਅਲੌਕਿਕਤਾ ਦਾ ਅਰਥ ਹੀ ਹੈ ਪਵਿੱਤਰਤਾ। ਤਾਂ ਰੋਜ਼ ਰਾਤ ਨੂੰ ਆਪਣਾ ਟੀਚਰ ਬਣਕੇ ਚੈਕ ਕਰੋ ਅਤੇ ਆਪਣੇ ਆਪ ਨੂੰ ਪਰਸੈਂਟਜ਼ ਦੇ ਪ੍ਰਮਾਣ ਆਪਣੇ ਆਪ ਹੀ ਮਾਰਕਸ ਦਵੋ। ਬਣਨਾ 100 ਪਰਸੈਂਟ ਹੈ। ਪਰ ਹਰ ਰੋਜ ਆਪਣੇ ਆਪ ਨੂੰ ਦੇਖੋ, ਦੂਸਰਿਆਂ ਨੂੰ ਨਹੀਂ ਦੇਖਣਾ। ਬਾਪਦਾਦਾ ਨੇ ਦੇਖਿਆ ਹੈ ਕਿ ਆਪਣੇ ਬਜਾਏ ਦੂਸਰਿਆਂ ਨੂੰ ਦੇਖਣ ਲੱਗ ਜਾਂਦੇ ਹਨ, ਉਹ ਸਹਿਜ ਹੁੰਦਾ ਹੈ। ਤਾਂ ਆਪਣੇ ਆਪ ਨੂੰ ਦੇਖੋ ਕਿ ਅੱਜ ਦੇ ਦਿਨ ਸੰਕਲਪ, ਬੋਲ ਅਤੇ ਕਰਮ ਵਿੱਚ ਕਿੰਨੀ ਪਰਸੈਂਟ ਰਹੀ?

ਤੁਸੀਂ ਲੋਕਾਂ ਨੇ ਇਸ ਵਰ੍ਹੇ ਚਾਰੋਂ ਪਾਸੇ ਕੀ ਸੰਦੇਸ਼ ਦਿੱਤਾ ਹੈ? ਪਰਿਵਰਤਨ ਸਭ ਫ਼ੰਕਸ਼ਨ ਵਿੱਚ ਸੁਣਾਇਆ ਹੈ। ਇੱਥੇ ਉੱਥੇ ਭਾਸ਼ਣ ਕੀਤਾ ਹੈ ਤਾਂ ਪਰਿਵਰਤਨ ਦੇ ਟਾਪਿਕ ਤੇ ਬਹੁਤ ਵਧੀਆ -ਵਧੀਆ ਭਾਸਣ ਕੀਤੇ ਹਨ। ਤਾਂ ਇਸ ਵਰ੍ਹੇ ਚਾਰੋਂ ਪਾਸੇ ਸੇਵਾ ਵਿੱਚ ਹੋਰਾਂ ਨੂੰ ਵੀ ਪਰਿਵਰਤਨ ਦਾ ਲਕਸ਼ ਬਹੁਤ ਚੰਗੇ ਧੂਮਧਾਮ ਨਾਲ ਦਿੱਤਾ ਹੈ, ਬਾਪਦਾਦਾ ਖੁਸ਼ ਹਨ। ਤਾਂ ਤੁਸੀਂ ਆਪਣੇ ਲਈ ਵੀ ਇਹ ਚੈਕ ਕਰੋ ਕਿ ਹਰ ਰੋਜ਼, ਹਰ ਦਿਨ ਕੀ ਪਰਸੈਂਟੇਜ ਵਿੱਚ ਪਰਿਵਰਤਨ ਹੋਇਆ? ਪਰਿਵਰਤਨ ਚੜ੍ਹਦੀ ਕਲਾ ਦਾ ਹੋਵੇ, ਡਿੱਗਦੀ ਕਲਾ ਦਾ ਨਹੀਂ। ਬਾਪਦਾਦਾ ਵੀ ਹਰ ਬੱਚੇ ਦਾ ਚਾਰਟ ਦੇਖਦਾ ਹੈ। ਤੁਸੀਂ ਸੋਚੋਂਗੇ ਕਿ ਸਭ ਬੱਚਿਆਂ ਨੂੰ ਦੇਖਦੇ ਹਨ ਜਾਂ ਕਿਸੇ ਵਿਸ਼ੇਸ਼ ਨੂੰ ਦੇਖਦੇ ਹਨ! ਬਾਪਦਾਦਾ ਸਭ ਬੱਚਿਆਂ ਦਾ ਚਾਰਟ ਕਦੀ - ਕਦੀ ਦੇਖਦੇ ਹਨ, ਰੋਜ਼ ਨਹੀਂ ਦੇਖਦੇ ਪਰ ਕਦੀ - ਕਦੀ ਦੇਖਦੇ ਹਨ - ਭਾਵੇਂ ਉਹ ਲਾਸ੍ਹ ਹੈ, ਭਾਵੇਂ ਫਾਸਟ ਹੈ। ਸਭ ਹੱਸ ਰਹੇ ਹਨ ਤਾਂ ਬਾਪਦਾਦਾ ਹੀ ਸੁਣਾ ਦੇਵੇ ਕਿ ਕੀ ਚਾਰਟ ਹੈ? ਅੱਜ ਦਾ ਦਿਨ ਮਨਾਉਣ ਦਾ ਹੈ ਨਾ, ਇਸਲਈ ਨਹੀਂ ਸੁਣਾਉਂਦੇ ਹਨ। ਪਰ ਅੱਗੇ ਦੇ ਲਈ ਇਸ਼ਾਰਾ ਦੇ ਰਹੇ ਹਨ ਕਿ ਅੱਜ ਦੇ ਦਿਨ ਦਾ ਜੋ ਮਹੱਤਵ ਹੈ ਵਰਤ ਲੈਣਾ ਮਤਲਬ ਦ੍ਰਿੜ੍ਹ ਸੰਕਲਪ ਲੈਣਾ। ਵਰਤ ਨੂੰ ਕਦੀ ਸੱਚੇ ਭਗਤ ਤੋੜ੍ਹਦੇ ਨਹੀਂ ਹਨ। ਤਾਂ ਬਾਪਦਾਦਾ ਬੱਚਿਆਂ ਨੂੰ ਫਿਰ ਤੋਂ ਅੱਗੇ ਦੇ ਲਈ ਇਸ਼ਾਰਾ ਦੇ ਰਹੇ ਹਨ ਕਿ ਹਾਲੇ ਵੀ ਪਹਿਲਾ ਫਾਊਂਡੇਸ਼ਨ ਸੰਕਲਪ ਸ਼ਕਤੀ ਕਦੀ - ਕਦੀ ਵੇਸ੍ਹ ਜ਼ਿਆਦਾ ਅਤੇ ਨੇਗਟਿਵ ਵੇਸਟ ਤੋਂ ਥੋੜ੍ਹਾ ਘੱਟ ਹੈ। ਇਸ ਸੰਕਲਪ ਸ਼ਕਤੀ ਦਾ ਉਪਯੋਗ ਜਿਨਾਂ ਖੁਦ ਪ੍ਰਤੀ ਅਤੇ ਵਿਸ਼ਵ ਦੇ ਪ੍ਰਤੀ ਕਰਨਾ ਹੈ ਓਨਾ ਹੋਰ ਵਧਾਓ ਕਿਉਂਕਿ ਸੰਕਲਪ ਦੇ ਆਧਾਰ ਤੇ ਬੋਲ ਅਤੇ ਕਰਮ ਹੁੰਦਾ ਹੈ ਤਾਂ ਸੰਕਲਪ ਸ਼ਕਤੀ ਦਾ ਪਰਿਵਰਤਨ ਕਰੋ। ਜੋ ਵੇਸ੍ਹ ਅਤੇ ਨੇਗਟਿਵ ਜਾਂਦਾ ਹੈ, ਉਸਨੂੰ ਪਰਿਵਰਤਨ ਕਰ ਵਿਸ਼ਵ ਕਲਿਆਣ ਦੇ ਪ੍ਰਤੀ ਕੰਮ ਵਿੱਚ ਲਗਾਓ। ਬਾਪਦਾਦਾ ਸੰਕਲਪ ਦੇ ਖਜ਼ਾਨੇ ਨੂੰ ਸਰਵ ਸ਼੍ਰੇਸ਼ਠ ਮੰਨਦੇ ਹਨ ਇਸਲਈ ਇਸ ਸੰਕਲਪ ਦੇ ਖਜ਼ਾਨੇ ਪ੍ਰਤੀ ਇਕਨਾਮੀ ਦੇ ਅਵਤਾਰ ਬਣੋ। ਅੱਜ ਦੇ ਦਿਨ ਨੂੰ ਅਵਤਰਨ ਦਾ ਦਿਨ ਕਿਹਾ ਜਾਂਦਾ ਹੈ ਤਾਂ ਬਾਪਦਾਦਾ ਦੀ ਸਭ ਬੱਚਿਆਂ ਪ੍ਰਤੀ ਇਹ ਹੀ ਸ਼ੁਭ ਆਸ਼ ਹੈ ਕਿ ਅੱਜ ਦੇ ਦਿਨ ਸ਼ਿਵ ਅਵਤਰਨ ਦੇ ਨਾਲ ਤੁਸੀਂ ਸਭ ਇਕਾਨਾਮੀ ਦੇ ਅਵਤਾਰ ਬਣੋ। ਸੰਕਲਪ ਵਿੱਚ ਇਕਾਨਾਮੀ ਕੀਤੀ ਮਤਲਬ ਵੇਸ੍ਹ ਤੋਂ ਬਚਾਇਆ, ਤਾਂ ਹੋਰ ਸਭ ਖਜ਼ਾਨੇ ਆਟੋਮੇਟਿਕ ਬੱਚ ਜਾਣਗੇ। ਤਾਂ 99 ਵਿੱਚ ਕੀ ਹੋਵੇਗਾ? 99 ਚਾਲੂ ਹੋ ਗਿਆ। ਪਹਿਲੇ ਸੋਚ ਰਹੇ ਸਨ? 99 ਵਿੱਚ ਕੀ ਹੋਵੇਗਾ? ਕੁਝ ਹੋਇਆ ਕੀ? ਫਰਵਰੀ ਤੇ ਆ ਗਈ। ਜੇਕਰ ਹੋਵੇਗਾ ਵੀ ਤੇ ਤੁਹਾਨੂੰ ਕੀ ਹੈ? ਤੁਹਾਨੂੰ ਕੋਈ ਨੁਕਸਾਨ ਹੈ? ਡਰ ਹੈ? ਕੀ ਹੋਵੇਗਾ, ਉਸਦਾ ਡਰ ਹੁੰਦਾ ਹੈ? ਤੁਹਾਡੇ ਲਈ ਚੰਗਾ ਹੀ ਹੋਵੇਗਾ। ਦੁਨੀਆਂ ਦੇ ਲਈ ਕੁਝ ਵੀ ਹੋ ਜਾਏ ਤੁਹਾਨੂੰ ਨਿਰਭੈ ਅਤੇ ਹਰਸ਼ਿਤਮੁਖ ਹੋਕੇ ਖੇਡ ਦੇਖਣਾ ਹੈ। ਖੇਡ ਵਿੱਚ ਖੂਨ ਵੀ ਦਿਖਾਉਂਦੇ ਹਨ ਤਾਂ ਪਿਆਰ ਵੀ ਦਿਖਾਉਂਦੇ ਹਨ। ਲੜਾਈ ਵੀ ਦਿਖਾਉਂਦੇ ਹਨ ਤਾਂ ਚੰਗੀਆਂ ਗੱਲਾਂ ਵੀ ਦਿਖਾਉਂਦੇ ਹਨ। ਫਿਰ ਖੇਡ ਵਿੱਚ ਡਰ ਹੁੰਦਾ ਹੈ ਕੀ? ਕੀ ਹੋਵੇਗਾ, ਕੀ ਹੋਇਆ, ਕੀ ਹੋਇਆ? ਇਹ ਸੋਚਦੇ ਹਨ ਕੀ? ਮਜ਼ੇ ਨਾਲ ਬੈਠਕੇ ਦੇਖਦੇ ਹਨ। ਤਾਂ ਇਹ ਵੀ ਬੇਹੱਦ ਦਾ ਖੇਡ ਹੈ। ਜੇਕਰ ਜ਼ਰਾ ਵੀ ਡਰ ਅਤੇ ਘਬਰਾਹਟ ਹੋਵੇਗੀ - ਕੀ ਹੋ ਗਿਆ, ਕੀ ਹੋ ਗਿਆ ...ਇਵੇਂ ਤੇ ਹੋਣਾ ਨਹੀਂ ਚਾਹੀਦਾ ਹੈ ਕਿਉਂ ਹੋ ਗਿਆ ਤੇ ਅਜਿਹੀ ਸਥਿਤੀ ਵਾਲੇ ਨੂੰ ਇਫ਼ੇਕ੍ਰ ਆਏਗਾ। ਚੰਗੇ ਵਿੱਚ ਚੰਗੀ ਸ਼ਥਿਤੀ ਅਤੇ ਗੜਬੜ ਦੀ ਸ਼ਥਿਤੀ ਵਿੱਚ ਖੁਦ ਵੀ ਗੜਬੜ ਵਿੱਚ ਆ ਜਾਣਗੇ, ਅਤੇ ਹਲਚਲ ਵਿੱਚ ਵੀ ਆ ਜਾਣਗੇ ਇਸਲਈ 99 ਹੋ ਜਾਂ 2 ਹਜ਼ਾਰ ਹੋ, ਤੁਹਾਨੂੰ ਕੀ ਹੈ? ਹੋਣ ਦਵੋ ਖੇਡ। ਮਜ਼ੇ ਨਾਲ ਦੇਖੋ। ਘਬਰਾਂਉਣਾ ਨਹੀਂ। ਹਾਯ ਇਹ ਕੀ ਹੋ ਗਿਆ! ਸੰਕਲਪ ਵਿੱਚ ਵੀ ਨਹੀਂ ਆਏ। ਸਭ ਪੁੱਛਦੇ ਹਨ 99 ਵਿੱਚ ਕੀ ਹੋਵੇਗਾ? ਕੁਝ ਹੋਵੇਗਾ,

ਨਹੀਂ ਹੋਵੇਗਾ। ਬਾਪਦਾਦਾ ਕਹਿੰਦੇ ਹਨ ਤੁਸੀਂ ਲੋਕਾਂ ਨੇ ਹੀ ਪ੍ਰਕ੍ਰਿਤੀ ਨੂੰ ਸੇਵਾ ਦਿੱਤੀ ਹੈ ਕਿ ਖ਼ੂਬ ਸਫ਼ਾਈ ਕਰੋ, ਉਸਨੂੰ ਲੰਬਾ -ਲੰਬਾ ਝਾੜੂ ਦਿੱਤਾ ਹੈ, ਸਾਫ਼ ਕਰੋ। ਤਾਂ ਘਬਰਾਉਂਦੇ ਕਿਉਂ ਹੋ? ਤੁਹਾਡੇ ਆਡਰ ਨਾਲ ਉਹ ਸਫ਼ਾਈ ਕਰਾਏਗੀ ਤਾਂ ਤੁਸੀਂ ਕਿਉਂ ਹਲਚਲ ਵਿੱਚ ਆਉਂਦੇ ਹੋ? ਤੁਸੀਂ ਹੀ ਤੇ ਆਡਰ ਦਿੱਤਾ ਹੈ। ਤਾਂ ਅਚਲ - ਅਡੋਲ ਬਣ ਮਨ ਅਤੇ ਬੁੱਧੀ ਨੂੰ ਬਿਲਕੁਲ ਸ਼ਕਤੀ ਸ਼ਾਲੀ ਬਣਾਏ ਅਚਲ - ਅਡੋਲ ਸਥਿਤੀ ਵਿੱਚ ਸਥਿਤ ਹੋ ਜਾਓ। ਪ੍ਰਕ੍ਰਿਤੀ ਦਾ ਖੇਡ ਦੇਖਦੇ ਚੱਲੋ। ਘਬਰਾਉਣਾ ਨਹੀਂ। ਤੁਸੀਂ ਅਲੌਕਿਕ ਹੋ, ਸਾਧਾਰਨ ਨਹੀਂ ਹੋ। ਸਾਧਾਰਨ ਲੋਕ ਹਲਚਲ ਵਿੱਚ ਆਉਣਗੇ, ਘਬਰਾਉਣਗੇ। ਅਲੌਕਿਕ, ਮਾਸਟਰ ਸਰਵਸ਼ਕਤੀਮਾਨ ਆਤਮਾਵਾਂ ਖੇਡ ਦੇਖਦੇ ਆਪਣੇ ਵਿਸ਼ਵ ਕਲਿਆਣ ਦੇ ਕੰਮ ਵਿੱਚ ਬਿਜ਼ੀ ਰਹਿਣਗੇ। ਜੇਕਰ ਮਨ ਅਤੇ ਬੁੱਧੀ ਫ੍ਰੀ ਰੱਖਿਆ ਤਾਂ ਘਬਰਾਉਣਗੇ। ਮਨ ਅਤੇ ਬੁੱਧੀ ਤੋਂ ਲਾਇਟ ਹਾਊਸ ਹੋ, ਲਾਇਟ ਫੈਲਾਉਣਗੇ, ਇਸ ਕੰਮ ਵਿੱਚ ਬਿਜ਼ੀ ਆਤਮਾ ਨੂੰ ਡਰ ਨਹੀਂ ਹੋਵੇਗਾ, ਸਾਕਸ਼ਾਤਕਾਰ ਹੋਵੇਗਾ, ਹੋਰ ਕੋਈ ਵੀ ਹਲਚਲ ਹੋਵੇ ਆਪਣੀ ਬੁੱਧੀ ਨੂੰ ਸਦਾ ਹੀ ਕਲੀਅਰ ਰੱਖਣਾ, ਕਿਉਂ, ਕੀ ਵਿੱਚ ਬੁੱਧੀ ਨੂੰ ਬਿਜੀ ਅਤੇ ਭਰਿਆ ਹੋਇਆ ਨਹੀਂ ਰੱਖਣਾ, ਖਾਲੀ ਰੱਖਣਾ। ਇਕ ਬਾਪ ਅਤੇ ਮੈਂ ... ਉਦੋਂ ਸਮੇਂ ਅਨੁਸਾਰ ਭਾਵੇਂ ਪੱਤਰ, ਟੈਲੀਫੋਲ, ਟੀ.ਵੀ. ਅਤੇ ਤੁਹਾਡੇ ਜੋ ਵੀ ਸਾਧਨ ਨਿਕਲੇ ਹਨ, ਉਹ ਨਹੀਂ ਵੀ ਪਹੁਚੇ ਤਾਂ ਬਾਪਦਾਦਾ ਦਾ ਡਾਇਰੈਕਸ਼ਨ ਕਲੀਅਰ ਕੈਚ ਹੋਵੇਗਾ। ਇਹ ਸਾਇੰਸ ਦੇ ਸਾਧਨ ਕਦੀ ਵੀ ਆਧਾਰ ਨਹੀਂ ਬਨਾਉਣਾ। ਯੂਜ਼ ਕਰੋ ਪਰ ਸਾਧਨਾ ਦੇ ਆਧਾਰ ਤੇ ਆਪਣੀ ਜੀਵਨ ਨੂੰ ਨਹੀਂ ਬਣਾਓ। ਕਦੀ - ਕਦੀ ਸਾਇੰਸ ਦੇ ਸਾਧਨ ਹੁੰਦੇ ਹੋਏ ਵੀ ਯੂਜ਼ ਨਹੀਂ ਕਰ ਸਕੋਂਗੇ ਇਸਲਈ ਸਾਈਲੈਂਸ ਦਾ ਸਾਧਨ - ਜਿੱਥੇ ਵੀ ਹੋਵੋਗੇ, ਜਿਵੇਂ ਵੀ ਪ੍ਰਿਸਥਿਤੀ ਹੋਵੇਗੀ ਬਹੁਤ ਸਪੱਸ਼ਟ ਅਤੇ ਬਹੁਤ ਜਲਦੀ ਕੰਮ ਵਿੱਚ ਆਏਗਾ। ਪਰ ਆਪਣੀ ਬੁੱਧੀ ਦੀ ਲਾਇਨ ਕਲੀਅਰ ਰੱਖਣਾ। ਸਮਝਾ। ਤੁਸੀਂ ਹੀ ਤੇ ਆਹਵਾਨ ਕਰ ਰਹੇ ਹੋ ਕਿ ਜਲਦੀ, ਜਲਦੀ ਗੋਲਡਨ ਏਜ ਆ ਜਾਏ। ਤਾਂ ਗੋਲਡਨ ਏਜ ਵਿੱਚ ਇਹ ਸਫਾਈ ਚਾਹੀਦੀ ਹੈ ਨਾ। ਤਾਂ ਪ੍ਰਕ੍ਰਿਤੀ ਚੰਗੀ ਸਫ਼ਾਈ ਕਰੇਗੀ।

ਤਾਂ ਅੱਜ ਦੇ ਦਿਨ ਸੰਕਲਪ ਨਹੀਂ ਪਰ ਦ੍ਰਿੜ੍ਹ ਸੰਕਲਪ ਲਿਆ? ਇਕਾਨਾਮੀ ਦਾ ਅਵਤਾਰ ਬਣਨਾ ਹੀ ਹੈ। ਭਾਵੇਂ ਸੰਕਲਪ ਵਿੱਚ, ਭਾਵੇਂ ਬੋਲ ਵਿੱਚ, ਭਾਵੇਂ ਸਾਧਾਰਨ ਕਰਮ ਦੀ ਇਕਾਨਾਮੀ। ਅਤੇ ਦੂਸਰੀ ਗੱਲ - ਸਦਾ ਬੁੱਧੀ ਨੂੰ ਕਲੀਅਰ ਰੱਖਣਾ। ਜਿਸਨੂੰ ਦੂਸਰੇ ਸ਼ਬਦਾਂ ਵਿੱਚ ਬਾਪਦਾਦਾ ਕਹਿੰਦੇ ਹਨ - ਸੱਚੀ ਦਿਲ ਤੇ ਸਾਹਿਬ ਰਾਜ਼ੀ। ਸੱਚੀ ਦਿਲ, ਸਾਫ਼ ਦਿਲ। ਵਰਤਮਾਨ ਸਮੇਂ ਵਿੱਚ ਸੱਚਾਈ ਅਤੇ ਸਫ਼ਾਈ ਦੀ ਜਰੂਰਤ ਹੈ। ਦਿਲ ਵਿੱਚ ਵੀ ਸਫ਼ਾਈ, ਪਰਿਵਾਰ ਵਿੱਚ ਵੀ ਸੱਚਾਈ ਅਤੇ ਬਾਪ ਨਾਲ ਵੀ ਸੱਚਾਈ। ਸਮਝਾ। ਅੱਜ ਦੇ ਦਿਨ ਕਹਿਣਾ ਨਹੀਂ ਸੀ ਪਰ ਕਹਿ ਦਿੱਤਾ। ਬਾਪਦਾਦਾ ਦਾ ਪਿਆਰ ਹੈ ਨਾ ਤਾਂ ਜ਼ਰਾ ਵੀ ਕਮਜ਼ੋਰੀ ਬਾਪਦਾਦਾ ਦੇਖ ਨਹੀਂ ਸਕਦੇ। ਬਾਪਦਾਦਾ ਸਦਾ ਹਰ ਬੱਚੇ ਨੂੰ ਆਪਣੇ ਵਰਗਾ ਸੰਪੂਰਨ ਦੇਖਣਾ ਚਾਹੁੰਦੇ ਹਨ।

ਚਾਰੋਂ ਪਾਸੇ ਹਲਚਲ ਹੈ, ਪ੍ਰਕ੍ਰਿਤੀ ਦੇ ਸਭ ਤੱਤਵ ਖ਼ੂਬ ਹਲਚਲ ਮਚਾ ਰਹੇ ਹਨ, ਇੱਕ ਪਾਸੇ ਵੀ ਹਲਚਲ ਤੋਂ ਮੁਕਤ ਨਹੀਂ ਹਨ, ਵਿਅਕਤੀਆਂ ਦੀ ਵੀ ਹਲਚਲ ਹੈ, ਪ੍ਰਕ੍ਰਿਤੀ ਦੀ ਵੀ ਹਲਚਲ ਹੈ, ਇਵੇਂ ਦੇ ਸਮੇਂ ਤੇ ਜਦੋਂ ਇਸ ਸ੍ਰਿਸ਼ਟੀ ਤੇ ਚਾਰੋਂ ਪਾਸੇ ਹਲਚਲ ਹੈ ਤਾਂ ਤੁਸੀਂ ਕੀ ਕਰੋਂਗੇ? ਸੇਫ਼ਟੀ ਦਾ ਸਾਧਨ ਕਿਹੜਾ ਹੈ? ਸੈਕਿੰਡ ਵਿੱਚ ਆਪਣੇ ਨੂੰ ਵਿਦੇਹੀ, ਅਸ਼ਰੀਰੀ ਅਤੇ ਆਤਮ - ਅਭਿਮਾਨੀ ਬਣਾ ਲਵੋ ਤਾਂ ਹਲਚਲ ਵਿੱਚ ਅਚਲ ਰਹਿ ਸਕਦੇ ਹੋ। ਇਸ ਵਿੱਚ ਟਾਇਮ ਤੇ ਲਗੇਗਾ? ਕੀ ਹੋਵੇਗਾ? ਹੁਣ ਟ੍ਰਾਇਲ ਕਰੋ - ਇੱਕ ਸੈਕਿੰਡ ਵਿੱਚ ਮਨ - ਬੁੱਧੀ ਜਿੱਥੇ ਚਾਹੋ ਉੱਥੇ ਸਥਿਤ ਕਰ ਸਕਦੇ ਹੋ? (ਡ੍ਰਿਲ) ਇਸਨੂੰ ਕਿਹਾ ਜਾਂਦਾ ਹੈ - ਸਾਧਨਾ। ਅੱਛਾ।

ਦੇਸ਼ - ਵਿਦੇਸ਼ ਦੇ ਚਾਰੋਂ ਪਾਸੇ ਦੇ ਬਾਪ ਦੇ ਲਵ ਵਿੱਚ ਲਵਲੀਨ ਆਤਮਾਵਾਂ ਨੂੰ, ਸਦਾ ਖੁਦ ਨੂੰ ਬ੍ਰਹਮਾਚਾਰੀ ਸਥਿਤੀ ਵਿੱਚ ਸਥਿਤ ਕਰਨ ਵਾਲੇ ਸਨੇਹੀ, ਸਹਿਯੋਗੀ ਬੱਚਿਆਂ ਨੂੰ, ਸਦਾ ਇਕਨਾਮੀ ਨੂੰ ਕੰਮ ਵਿੱਚ ਲਿਆਉਣ ਵਾਲੇ ਹਿੰਮਤਵਾਂਨ ਬੱਚਿਆਂ ਨੂੰ, ਸਦਾ ਹਲਚਲ ਵਿੱਚ ਵੀ ਅਚਲ ਰਹਿਣ ਵਾਲੇ ਨਿਰਭੈ ਆਤਮਾਵਾਂ ਨੂੰ, ਸਦਾ ਮੌਜ ਮਨਾਉਣ ਵਾਲੇ, ਬਾਪ ਦੇ ਸਮੀਪ ਰਹਿਣ ਵਾਲੇ ਬੱਚਿਆਂ ਨੂੰ ਯਾਦਪਿਆਰ ਅਤੇ ਨਮਸਤੇ। ਬੱਚਿਆਂ ਦੇ ਸਭ ਕਾਰਡ ਮਿਲੇ। ਬਾਪਦਾਦਾ ਦੇਖ ਰਹੇ ਹਨ, ਸਭ ਨੇ ਜਨਮ ਦਿਨ ਦੇ ਕਾਰਡ ਅਤੇ ਫਾਰੇਨ ਵਾਲਿਆਂ ਨੇ ਪਿਆਰ ਦੇ ਦਿਵਸ ਦੇ ਕਾਰਡ ਭੇਜੇ ਹਨ, ਤਾਂ ਪਿਆਰ ਦਾ ਸਾਗਰ ਬਾਪ ਸਭ ਬੱਚਿਆਂ ਨੂੰ ਸ਼ਿਵਰਾਤ੍ਰੀ ਦੇ ਨਾਲ - ਨਾਲ ਪਿਆਰ ਦੇ ਲਵਲੀਨ ਦਿਵਸ ਦੀ ਵੀ ਮੁਬਾਰਕ ਦੇ ਰਹੇ ਹਨ। ਮੁਬਾਰਕ ਹੋਵੇ, ਮੁਬਾਰਕ ਹੋਵੇ, ਮੁਬਾਰਕ ਹੋ।

ਚਾਰੋਂ ਪਾਸੇ ਦੇ ਦੇਸ਼, ਸ਼ਹਿਰ, ਗਾਂਵ, ਚਾਰੋਂ ਪਾਸੇ ਦੇ ਬੱਚਿਆਂ ਨੂੰ, ਸਭਤੋਂ ਪਹਿਲੇ ਛੋਟੇ - ਛੋਟੇ ਗਾਂਵ ਵਾਲਿਆਂ ਬੱਚਿਆਂ ਨੂੰ ਯਾਦ-ਪਿਆਰ ਅਤੇ ਮੁਬਾਰਕ। ਨਾਲ ਤੁਹਾਨੂੰ ਸਭ ਨੂੰ ਵੀ ਮੁਬਾਰਕ। ਕਿੰਨੀ ਮੁਬਾਰਕ ਦੇਵੋਂ। ਜਿਨ੍ਹਾਂ ਤੁਸੀਂ ਧਾਰਨ ਕਰ ਸਕਦੇ ਉਸਤੋਂ ਵੀ ਜ਼ਿਆਦਾ ਮੁਬਾਰਕ।

ਵਰਦਾਨ:- ਸਨੇਹ ਅਤੇ ਨਵੀਨਤਾ ਦੀ ਅਥਾਰਿਟੀ ਨਾਲ ਸਮ੍ਰਪਿਤ ਕਰਾਉਣ ਵਾਲੀ ਮਹਾਨ ਆਤਮਾ ਭਵ

ਜੋ ਵੀ ਸੰਪਰਕ ਵਿੱਚ ਆਏ ਹਨ ਉਹਨਾਂ ਨੂੰ ਇਵੇਂ ਦੇ ਸੰਬੰਧ ਵਿੱਚ ਲਿਆਓ ਜੋ ਸੰਬੰਧ ਵਿੱਚ ਆਉਂਦੇ - ਆਉਂਦੇ ਸਮਰਪਣ ਬੁੱਧੀ ਹੋ ਜਾਣ ਅਤੇ ਕਹਿਣ ਕਿ ਜੋ ਬਾਪ ਨੇ ਕਿਹਾ ਹੈ ਉਹ ਹੀ ਸਤ ਹੈ, ਇਸਨੂੰ ਕਹਿੰਦੇ ਹਨ ਸਮਰਪਣ ਬੁੱਧੀ। ਫਿਰ ਉਹਨਾਂ ਦੇ ਪ੍ਰਸ਼ਨ ਖ਼ਤਮ ਹੋ ਜਾਣਗੇ। ਸਿਰਫ਼ ਇਹ ਨਹੀਂ ਕਹਿਣ ਕਿ ਇਹਨਾਂ ਦਾ ਗਿਆਨ ਚੰਗਾ ਹੈ। ਪਰ ਇਹ ਨਵਾਂ ਗਿਆਨ ਹੈ ਜੋ ਨਵੀਂ ਦੁਨੀਆਂ ਲਿਆਏਗਾ - ਇਹ ਆਵਾਜ਼ ਹੋਵੇ ਤਾਂ ਕੁੰਭਕਰਨ ਜਾਗਣਗੇ। ਤਾਂ ਨਵੀਨਤਾ ਦੀ ਮਹਾਨਤਾ ਦਵਾਰਾ ਸਨੇਹ ਅਤੇ ਅਥਾਰਿਟੀ ਦੇ ਬੈਲੇਂਸ ਨਾਲ ਇਵੇਂ ਸਮ੍ਰਪਿਤ ਕਰਾਓ ਉਦੋਂ ਕਹਾਂਗੇ ਮਾਇਕ ਤਿਆਰ ਹੋਏ ਹਨ।

ਸਲੋਗਨ:- ਇੱਕ ਪਰਮਾਤਮਾ ਦੇ ਪਿਆਰੇ ਬਣੋ ਤਾਂ ਵਿਸ਼ਵ ਦੇ ਪਿਆਰੇ ਬਣ ਜਾਵੋਗੇ।

******